**JAG BANI DATED 29-07-2020**

# ਦਿ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ ਚੰਡੀਗੜ੍ਹ ਬੈਂਚ, ਚੰਡੀਗੜ੍ਹ ਦੇ ਸਾਹਮਣੇ

## ਫਾਰਮ ਨੰ. ਸੀ. ਏ. ਏ.2

(ਸੈਕਸ਼ਨ 230 (3) ਅਤੇ ਰੂਲ 7 ਅਨੁਸਾਰ)

ਸੀ. ਏ. (ਸੀ. ਏ. ਏ.) ਨੰ. 37/Chd/CHD/2019

ਦਿ ਕੰਪਨੀਜ਼ ਐਕਟ, 2013 ਦੇ ਮਾਮਲੇ ਵਿਚ

ਅਤੇ

ਸੈਕਸ਼ਨ 230-232 ਅਤੇ ਦਿ ਕੰਪਨੀਜ਼ ਐਕਟ, 2013 ਦੀਆਂ ਦਿ ਕੰਪਨੀਜ਼ (ਕੰਪ੍ਰੋਮਾਈਜ਼, ਅਰੇਂਜਮੈਂਟਸ ਐਂਡ ਅਮੈਲਗਾਮੇਸ਼ਨਜ਼) ਰੂਲਜ਼, 2016 ਨਾਲ ਪੜ੍ਹੀਆਂ ਜਾਂਦੀਆਂ ਹੋਰ ਲਾਗੂ ਵਿਵਸਥਾਵਾਂ ਦੇ ਮਾਮਲੇ 'ਚ

ਅਤੇ

ਸਟੀਲ ਸਟ੍ਰਿਪਸ ਲਿਮਟਿਡ ਅਤੇ ਐੱਸ. ਏ. ਬੀ. ਇੰਡਸਟ੍ਰੀਜ਼ ਲਿਮਟਿਡ ਤੇ ਉਸ ਦੇ ਸਬੰਧਤ ਸ਼ੇਅਰ ਧਾਰਕਾਂ ਤੇ ਲੈਣਦਾਰਾਂ ਦੇ ਮਾਮਲੇ 'ਚ

ਸਟੀਲ ਸਟ੍ਰਿਪਸ ਲਿਮਟਿਡ (ਸੀ.ਆਈ.ਐੱਨ. ਐੱਲ.45202 ਪੀ.ਬੀ.1975 ਪੀ.ਐੱਲ. ਸੀ.003610), ਜਿਸ ਦਾ ਰਜਿਸਟਰਡ ਦਫਤਰ ਪਿੰਡ ਹਰਕਿਸ਼ਨਪੁਰਾ, ਭਵਾਨੀਗੜ੍ਹ, ਤਹਿਸੀਲ ਸੰਗਰੂਰ, ਪੰਜਾਬ 148026 'ਚ ਹੈ।

ਬਿਨੈਕਾਰ ਨੰ.1/ਟਰਾਂਸਫਰਰ ਕੰਪਨੀ

ਅਤੇ

ਐੱਸ.ਏ.ਬੀ. ਇੰਡਸਟ੍ਰੀਜ਼ ਲਿਮਟਿਡ (ਸੀ.ਆਈ.ਐੱਨ. ਐੱਲ.00000 ਸੀ. ਐੱਚ.1983 ਪੀ. ਐੱਲ.ਸੀ.031318), ਜਿਸ ਦਾ ਰਜਿਸਟਰਡ ਦਫਤਰ ਐੱਸ. ਸੀ. ਓ. 49-50, ਸੈਕਟਰ 26, ਮਧਿਆ ਮਾਰਗ, ਚੰਡੀਗੜ੍ਹ 'ਚ ਹੈ।

ਟਰਾਂਸਫਰੀ ਕੰਪਨੀ

ਦੇ ਮਾਮਲੇ ਵਿਚ

### ਇਕਵਿਟੀ ਸ਼ੇਅਰਧਾਰਕਾਂ ਦੀ ਮੀਟਿੰਗ ਦੇ ਨੋਟਿਸ ਦਾ ਨੋਟਿਸ ਤੇ ਇਸ਼ਤਿਹਾਰ

ਇੱਥੇ ਨੋਟਿਸ ਦਿੱਤਾ ਜਾਂਦਾ ਹੈ, ਜਿਸ ਅਨੁਸਾਰ ਮਿਤੀ 12.06.2020 ਦੇ ਇਕ ਹੁਕਮ ਤਹਿਤ ਨੈਸ਼ਨਲ ਕੰਪਨੀ ਲਾਅ ਟ੍ਰਿਬਿਊਨਲ ਦੇ ਮਾਣਯੋਗ ਚੰਡੀਗੜ੍ਹ ਬੈਂਚ ਨੇ ਪਿੰਡ ਹਰਕਿਸ਼ਨਪੁਰਾ, ਭਵਾਨੀਗੜ੍ਹ, ਤਹਿਸੀਲ ਸੰਗਰੂਰ, ਪੰਜਾਬ-148026 ਵਿਖੇ ਕੰਪਨੀ ਦੇ ਰਜਿਸਟਰਡ ਦਫਤਰ ਵਿਚ ਸਟੀਲ ਸਟ੍ਰਿਪਸ ਲਿਮਟਿਡ (ਬਿਨੈਕਾਰ ਨੰ.1 ਕੰਪਨੀ) ਦੇ ਇਕਵਿਟੀ ਸ਼ੇਅਰਧਾਰਕਾਂ ਦੀ ਮੀਟਿੰਗ ਕਰਨ ਦੀ ਹਦਾਇਤ ਦਿੱਤੀ ਹੈ, ਜੋ 29 ਅਗਸਤ, 2020 ਨੂੰ ਸਵੇਰੇ 11 ਵਜੇ ਹੋਵੇਗੀ। ਇਹ ਮੀਟਿੰਗ ਸਟੀਲ ਸਟ੍ਰਿਪਸ ਲਿਮਟਿਡ, ਐੱਸ.ਏ.ਬੀ. ਇੰਡਸਟ੍ਰੀਜ਼ ਲਿਮਟਿਡ ਅਤੇ ਇਨ੍ਹਾਂ ਦੇ ਕ੍ਰਮਵਾਰ ਸ਼ੇਅਰਧਾਰਕਾਂ ਤੇ ਲੈਣਦਾਰਾਂ ਦੇ ਏਕੀਕਰਣ ਦੀ ਸਕੀਮ ਨੂੰ ਲੈ ਕੇ ਹੋਵੇਗੀ, ਜੋ ਕੰਪਨੀਜ਼ ਐਕਟ 2013 ਦੇ ਸੈਕਸ਼ਨ 230 ਤੋਂ 232 ਅਤੇ ਹੋਰ ਸਬੰਧਤ ਵਿਵਸਥਾਵਾਂ ਅਨੁਸਾਰ ਹੋਵੇਗਾ। ਇਕਵਿਟੀ ਸ਼ੇਅਰਧਾਰਕਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਹ ਦੱਸੀ ਮਿਤੀ, ਸਮੇਂ ਤੇ ਜਗ੍ਹਾ ਅਨੁਸਾਰ ਮੀਟਿੰਗ ਵਿਚ ਪਹੁੰਚਣ ਅਤੇ ਵੋਟ ਕਰਨ।

ਉਪਰੋਕਤ ਦੱਸੀ ਸਕੀਮ ਤੇ ਵਿਆਖਿਆਤਮਕ ਕਥਨ ਦੀਆਂ ਨਕਲਾਂ ਅਤੇ ਐਕਟ ਦੇ ਸੈਕਸ਼ਨ 230 (3) ਹੇਠ ਹੋਰ ਦਸਤਾਵੇਜ਼ ਪਿੰਡ ਹਰਕਿਸ਼ਨਪੁਰਾ, ਭਵਾਨੀਗੜ੍ਹ, ਤਹਿਸੀਲ ਸੰਗਰੂਰ, ਪੰਜਾਬ-148026 'ਚ ਸਥਿਤ ਬਿਨੈਕਾਰ ਕੰਪਨੀ ਦੇ ਰਜਿਸਟਰਡ ਦਫਤਰ ਤੋਂ ਮੀਟਿੰਗ ਦੀ ਤਰੀਕ ਤਕ ਕਿਸੇ ਵੀ ਕੰਮ ਵਾਲੇ ਦਿਨ ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤਕ ਬਿਨਾਂ ਕਿਸੇ ਖਰਚੇ ਦੇ ਪ੍ਰਾਪਤ ਕਰ ਸਕਦੇ ਹਨ।

ਮੀਟਿੰਗ ਵਿਚ ਹਿੱਸਾ ਲੈਣ ਤੇ ਵੋਟ ਕਰਨ ਦਾ ਹੱਕਦਾਰ ਵਿਅਕਤੀ ਖੁਦ ਜਾਂ ਪ੍ਰਾਕਸੀ ਰਾਹੀਂ ਵੋਟਿੰਗ ਕਰ ਸਕਦਾ ਹੈ ਬਸ਼ਰਤੇ ਕਿ ਸਾਰੇ ਪ੍ਰਾਕਸੀ ਫਾਰਮ ਬਿਨੈਕਾਰ ਕੰਪਨੀ ਦੇ ਰਜਿਸਟਰਡ ਦਫਤਰ ਵਿਚ ਮੀਟਿੰਗ ਸ਼ੁਰੂ ਹੋਣ ਦੇ 48 ਘੰਟਿਆਂ ਦੇ ਅੰਦਰ ਜਮ੍ਹਾ ਕਰਵਾਉਣੇ ਜ਼ਰੂਰੀ ਹਨ।

ਪ੍ਰਾਕਸੀ ਫਾਰਮ ਬਿਨੈਕਾਰ ਕੰਪਨੀ ਦੇ ਰਜਿਸਟਰਡ ਦਫਤਰ ਤੋਂ ਕਿਸੇ ਵੀ ਦਿਨ (ਸ਼ਨੀਵਾਰ, ਐਤਵਾਰ ਤੇ ਜਨਤਕ ਛੁੱਟੀ ਵਾਲਾ ਦਿਨ ਛੱਡ ਕੇ) ਸਵੇਰੇ 10 ਵਜੇ ਤੋਂ ਸ਼ਾਮ 5 ਵਜੇ ਤਕ ਬਿਨਾਂ ਕਿਸੇ ਖਰਚੇ ਦੇ ਪ੍ਰਾਪਤ ਕੀਤੇ ਜਾ ਸਕਦੇ ਹਨ।

ਐੱਨ.ਸੀ. ਐੱਲ. ਟੀ. ਨੇ ਐਡਵੋਕੇਟ ਸ਼੍ਰੀ ਅਤੁਲ ਸੂਦ (ਨਾ ਹੋਣ 'ਤੇ ਐਡਵੋਕੇਟ ਸ਼੍ਰੀ ਕਰਨਵੀਰ ਜਿੰਦਲ) ਨੂੰ ਉਪਰੋਕਤ ਮੀਟਿੰਗ ਦਾ ਚੇਅਰਪਰਸਨ ਨਿਯੁਕਤ ਕੀਤਾ ਹੈ। ਜੇ ਉਪਰੋਕਤ ਸਕੀਮ ਇਕਵਿਟੀ ਸ਼ੇਅਰਧਾਰਕਾਂ ਵਲੋਂ ਇਨ੍ਹਾਂ ਦੀ ਮੀਟਿੰਗ ਵਿਚ ਪ੍ਰਵਾਨ ਕਰ ਲਈ ਜਾਂਦੀ ਹੈ ਤਾਂ ਇਹ ਐੱਨ. ਸੀ. ਐੱਲ. ਟੀ. ਕੋਲ ਅਗਲੀ ਪ੍ਰਵਾਨਗੀ ਲਈ ਭੇਜੀ ਜਾਵੇਗੀ।

ਸੈਕਸ਼ਨ 230 (4) ਦੇ ਆਰਡਰ ਤੇ ਵਿਵਸਥਾਵਾਂ, ਐਕਟ ਦੇ ਸੈਕਸ਼ਨ 108, ਕੰਪਨੀਜ਼ (ਮੈਨੇਜਮੈਂਟ ਐਂਡ ਐਡਮਨਿਸਟ੍ਰੇਸ਼ਨ) ਰੂਲਜ਼, 2014 ਦੇ ਰੂਲ 20 ਤੇ ਹੋਰ ਲਾਗੂ ਵਿਵਸਥਾਵਾਂ, ਸਕਿਓਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ (ਲਿਸਟਿੰਗ ਓਬਲੀਗੇਸ਼ਨਜ਼ ਐਂਡ ਡਿਸਕਲੋਜ਼ਰ ਰਿਕੁਆਇਰਮੈਂਟਸ) ਰੇਗੂਲੇਸ਼ਨ, 2015 ਦੇ ਰੇਗੂਲੇਸ਼ਨ 44 ਅਤੇ ਸਰਕੂਲਰ ਨੰ. ਸੀ.ਐੱਫ.ਡੀ./ਡੀ.ਆਈ.ਐੱਲ.3/ਸੀ.ਆਈ.ਆਰ./201721 ਮਿਤੀ 10 ਮਾਰਚ, 2017 ਦੇ ਪੈਰਾਗ੍ਰਾਫ 9, ਜਿਸ ਨੂੰ ਸਕਿਓਰਿਟੀਜ਼ ਐਂਡ ਐਕਸਚੇਂਜ ਬੋਰਡ ਆਫ ਇੰਡੀਆ ਵਲੋਂ ਜਾਰੀ ਕੀਤਾ ਗਿਆ ਹੈ, ਅਨੁਸਾਰ ਬਿਨੈਕਾਰ ਕੰਪਨੀ ਨੇ ਆਪਣੇ ਇਕਵਿਟੀ ਸ਼ੇਅਰਧਾਰਕਾਂ ਨੂੰ ਇਹ ਬਦਲ ਦਿੱਤਾ ਹੈ ਕਿ ਰਿਮੋਟ ਈ-ਵੋਟਿੰਗ ਸਹੂਲਤ ਰਾਹੀਂ 29 ਅਗਸਤ, 2020 ਸ਼ਨੀਵਾਰ ਨੂੰ ਸਵੇਰੇ 11 ਵਜੇ ਮੀਟਿੰਗ ਸ਼ੁਰੂ ਹੋਣ ਤੋਂ ਪਹਿਲਾਂ ਵੋਟ ਕਰ ਸਕਦੇ ਹਨ। ਇਸ ਨਾਲ ਜੇ ਉਨ੍ਹਾਂ ਨੂੰ ਸਕੀਮ ਲਈ ਸਹੀ ਮੰਨਿਆ ਜਾਂਦਾ ਹੈ ਤਾਂ ਉਨ੍ਹਾਂ ਨੂੰ ਵੀ ਧਿਆਨ ਵਿਚ ਰੱਖਿਆ ਜਾਵੇਗਾ।

ਬਿਨੈਕਾਰ ਕੰਪਨੀ ਨੇ 28 ਜੁਲਾਈ, 2020 ਨੂੰ ਇਕਵਿਟੀ ਸ਼ੇਅਰਧਾਰਕਾਂ ਨੂੰ ਮੀਟਿੰਗ ਦਾ ਨੋਟਿਸ ਤੇ ਵਿਆਖਿਆਤਮਕ ਬਿਆਨ ਦਸਤੀ ਰੂਪ ਵਿਚ ਜਾਰੀ ਕਰ ਦਿੱਤਾ ਹੈ। ਬਿਨੈਕਾਰ ਕੰਪਨੀ ਦੇ ਉਹ ਇਕਵਿਟੀ ਸ਼ੇਅਰਧਾਰਕ ਜਿਨ੍ਹਾਂ ਦੀਆਂ ਈ-ਮੇਲ ਆਈ. ਡੀਜ਼ ਬਿਨੈਕਾਰ ਕੰਪਨੀ/ਡਿਪਾਜ਼ਟਰੀਜ਼ ਕੋਲ ਰਜਿਸਟਰਡ ਹਨ, ਉਨ੍ਹਾਂ ਨੂੰ 12 ਜੂਨ, 2020 ਨੂੰ ਇਲੈਕਟ੍ਰਾਨਿਕ ਢੰਗ ਨਾਲ ਨੋਟਿਸ ਤੇ ਵਿਆਖਿਆਤਮਕ ਬਿਆਨ ਜਾਰੀ ਕਰ ਦਿੱਤੇ ਗਏ ਹਨ।

ਉਹ ਵਿਅਕਤੀ, ਜੋ ਕਿ ਕਟ-ਆਫ ਡੇਟ 'ਤੇ ਬਿਨੈਕਾਰ ਕੰਪਨੀ ਦਾ ਇਕਵਿਟੀ ਸ਼ੇਅਰਧਾਰਕ ਨਹੀਂ ਹੈ, ਉਹ ਮੀਟਿੰਗ ਦੇ ਨੋਟਿਸ ਨੂੰ ਸਿਰਫ ਜਾਣਕਾਰੀ ਦੇ ਰੂਪ ਵਿਚ ਲਵੇਗਾ।

ਰਿਮੋਟ ਈ-ਵੋਟਿੰਗ ਦਾ ਸਮਾਂ 30 ਜੁਲਾਈ, 2020 ਵੀਰਵਾਰ ਨੂੰ ਸਵੇਰੇ 9 ਵਜੇ ਸ਼ੁਰੂ ਹੋਵੇਗਾ, ਜੋ 28 ਅਗਸਤ, 2020 ਸ਼ਨੀਵਾਰ ਨੂੰ ਸ਼ਾਮ 5 ਵਜੇ ਖਤਮ ਹੋਵੇਗਾ। ਇਸ ਸਮੇਂ ਦੌਰਾਨ ਬਿਨੈਕਾਰ ਕੰਪਨੀ ਦੇ ਇਕਵਿਟੀ ਸ਼ੇਅਰਧਾਰਕ, ਜਿਨ੍ਹਾਂ ਕੋਲ ਕਟ-ਆਫ ਡੇਟ (12 ਜੂਨ, 2020) ਨੂੰ ਸ਼ੇਅਰ ਦਸਤੀ ਜਾਂ ਬਿਨਾਂ ਦਸਤੀ ਰੂਪ ਵਿਚ ਹੋਣਗੇ, ਰਿਮੋਟ ਈ-ਵੋਟਿੰਗ ਰਾਹੀਂ ਵੋਟ ਕਰ ਸਕਣਗੇ। ਸੈਂਟਰਲ ਡਿਪੋਜ਼ਟਰੀ ਸਕਿਓਰਿਟੀਜ਼ ਲਿਮਟਿਡ (ਸੀ. ਡੀ. ਐੱਸ. ਐੱਲ.) ਵਲੋਂ 28 ਅਗਸਤ, 2020 ਨੂੰ ਸ਼ਾਮ 5 ਵਜੇ ਰਿਮੋਟ ਈ-ਵੋਟਿੰਗ ਬੰਦ ਕਰ ਦਿੱਤੀ ਜਾਵੇਗੀ। ਇਕਵਿਟੀ ਸ਼ੇਅਰਧਾਰਕ ਵਲੋਂ ਈ-ਵੋਟਿੰਗ ਰਾਹੀਂ ਰੈਜ਼ੋਲਿਊਸ਼ਨ 'ਤੇ ਇਕ ਵਾਰ ਦਿੱਤੀ ਗਈ ਵੋਟ ਬਾਅਦ ਵਿਚ ਬਦਲਣ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।

ਇਕਵਿਟੀ ਸ਼ੇਅਰਧਾਰਕਾਂ ਵਲੋਂ ਈ-ਵੋਟਿੰਗ ਰਾਹੀਂ ਦਿੱਤੀ ਗਈ ਵੋਟ ਦਾ ਇਹ ਮਤਲਬ ਨਹੀਂ ਕਿ ਉਹ ਮੀਟਿੰਗ ਵਿਚ ਹਿੱਸਾ ਨਹੀਂ ਲੈ ਸਕਦੇ। ਹਾਲਾਂਕਿ ਉਹ ਇਕਵਿਟੀ ਸ਼ੇਅਰਧਾਰਕ ਜਿਨ੍ਹਾਂ ਨੇ ਮੀਟਿੰਗ ਦੀ ਤਰੀਕ ਤੋਂ ਪਹਿਲਾਂ ਹੀ ਵੋਟ ਕਰ ਦਿੱਤੀ ਹੋਵੇਗੀ, ਉਹ ਮੀਟਿੰਗ ਵਾਲੀ ਥਾਂ 'ਤੇ ਵੋਟ ਨਹੀਂ ਕਰ ਸਕਣਗੇ। ਵੋਟਾਂ ਨਿੱਜੀ ਤੌਰ 'ਤੇ ਜਾਂ ਪ੍ਰਾਕਸੀ ਰਾਹੀਂ ਮੀਟਿੰਗ ਦੌਰਾਨ ਦਿੱਤੀਆਂ ਜਾ ਸਕਦੀਆਂ ਹਨ। ਮੀਟਿੰਗ ਵਿਚ ਹਿੱਸਾ ਲੈ ਰਹੇ ਉਹ ਇਕਵਿਟੀ ਸ਼ੇਅਰਧਾਰਕ, ਜਿਨ੍ਹਾਂ ਨੇ ਮੀਟਿੰਗ ਤੋਂ ਪਹਿਲਾਂ ਵੋਟ ਨਹੀਂ ਕੀਤੀ ਹੋਵੇਗੀ, ਉਹ ਮੀਟਿੰਗ ਵਿਚ ਆਪਣੇ ਇਸ ਅਧਿਕਾਰ ਦੀ ਵਰਤੋਂ ਕਰ ਸਕਣਗੇ।

ਈ-ਵੋਟਿੰਗ ਦੀਆਂ ਹਦਾਇਤਾਂ ਵਾਲਾ ਨੋਟਿਸ ਬਿਨੈਕਾਰ ਕੰਪਨੀ ਦੀ ਵੈੱਬਸਾਈਟ **www.sslindia.net** 'ਤੇ ਅਤੇ ਸੀ. ਡੀ. ਐੱਸ. ਐੱਲ. ਦੀ ਵੈੱਬਸਾਈਟ **www.evotingindia.com** 'ਤੇ ਮੁਹੱਈਆ ਹੈ। ਨੋਟਿਸ ਦੀ ਨਕਲ ਵੀ **www.bseindia.com** 'ਤੇ ਮੁਹੱਈਆ ਹੈ।

ਐੱਨ. ਸੀ. ਐੱਲ. ਟੀ. ਨੇ ਆਪਣੇ 12 ਜੂਨ, 2020 ਦੇ ਹੁਕਮ ਅਨੁਸਾਰ ਸ਼੍ਰੀ ਪ੍ਰਿਤਪਾਲ ਸਿੰਘ ਦੁਆ, ਜੋ ਕਿ ਕੰਪਨੀ ਸੈਕਟਰੀ ਦੇ ਰੂਪ ਵਿਚ ਪ੍ਰੈਕਟਿਸ ਕਰ ਰਹੇ ਹਨ, ਨੂੰ ਈ-ਵੋਟਿੰਗ ਪ੍ਰਕਿਰਿਆ ਸਹੀ ਤੇ ਪਾਰਦਰਸ਼ਕ ਢੰਗ ਨਾਲ ਕਰਨ ਲਈ ਜਾਂਚਕਰਤਾ ਦੇ ਰੂਪ ਵਿਚ ਨਿਯੁਕਤ ਕੀਤਾ ਹੈ। ਜੇ ਤੁਸੀਂ ਈ-ਵੋਟਿੰਗ ਨਾਲ ਸਬੰਧਤ ਕੋਈ ਵੀ ਜਾਣਕਾਰੀ ਚਾਹੁੰਦੇ ਹੋ ਤਾਂ 'ਅਕਸਰ ਪੁੱਛੇ ਜਾਣ ਵਾਲੇ ਸਵਾਲ' (ਐੱਫ.ਏ.ਕਿਊਜ਼) ਅਤੇ ਈ-ਵੋਟਿੰਗ ਮੈਨੂਅਲ **www.evotingindia.com** ਦੇ ਅੰਡਰ ਹੈਲਪ ਸੈਕਸ਼ਨ 'ਤੇ ਜਾ ਸਕਦੇ ਹੋ ਜਾਂ **helpdesk.evoting@cdslindia.com** 'ਤੇ ਈ-ਮੇਲ ਕਰ ਸਕਦੇ ਹੋ।

ਰਿਮੋਟ ਈ-ਵੋਟਿੰਗ ਦੇ ਨਤੀਜੇ ਅਤੇ ਮੀਟਿੰਗ ਮੌਕੇ ਦੀ ਪੋਲ 31 ਅਗਸਤ, 2020 ਸੋਮਵਾਰ ਨੂੰ ਜਾਂ ਉਸ ਤੋਂ ਪਹਿਲਾਂ ਐਲਾਨੀ ਜਾਵੇਗੀ।

ਜਾਂਚਕਰਤਾ ਦੀ ਰਿਪੋਰਟ ਸਮੇਤ ਨਤੀਜੇ ਬਿਨੈਕਾਰ ਕੰਪਨੀ ਦੇ ਰਜਿਸਟਰਡ ਦਫਤਰ, ਬਿਨੈਕਾਰ ਕੰਪਨੀ ਦੀ ਵੈੱਬਸਾਈਟ **www.sslindia.net** ਅਤੇ ਸੀ.ਡੀ.ਐੱਸ. ਐੱਲ. ਦੀ ਵੈੱਬਸਾਈਟ **www.evotingindia.com** 'ਤੇ ਦੇਖੇ ਜਾ ਸਕਦੇ ਹਨ। ਇਸ ਤੋਂ ਇਲਾਵਾ ਬੀ.ਐੱਸ.ਈ. ਲਿਮਟਿਡ ਜਿੱਥੇ ਬਿਨੈਕਾਰ ਕੰਪਨੀ ਸੂਚੀਬੱਧ ਹੈ, ਤੋਂ ਵੀ ਪਤਾ ਕੀਤੇ ਜਾ ਸਕਦੇ ਹਨ।

**ਮਿਤੀ :28 ਜੁਲਾਈ, 2020**

**ਸਟੀਲ ਸਟ੍ਰਿਪਸ ਲਿਮਟਿਡ ਲਈ**
**ਸਹੀ/- ਜਯੋਤਸਨਾ ਬਜਾਜ**
**(ਕੰਪਨੀ ਸੈਕਟਰੀ ਤੇ ਅਧਿਕਾਰਤ ਹਸਤਾਖਰਕਰਤਾ)**